**ਮਾਡਲ ਪ੍ਰਸ਼ਨ ਪੱਤਰ**

**ਜਮਾਤ : ਗਿਆਰਵੀਂ**

**ਵਿਸ਼ਾ : ਪੰਜਾਬੀ**

**ਕੋਡ : 532** **ਸੈਸ਼ਨ : 2025-26**

**ਸਮਾਂ : ਤਿੰਨ ਘੰਟੇ** **ਕੁਲ ਅੰਕ : 80**

**ਪੇਪਰ : ਸਲਾਨਾ**

**ਨੋਟ : ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ।**

**ਭਾਗ (ੳ)**

1. ਉਪਮਾ ਅਲੰਕਾਰ ਕੀ ਹੁੰਦਾ ਹੈ? ਇਸ ਦੀ ਪਰਿਭਾਸ਼ਾ ਤੇ ਉਦਾਹਰਨਾਂ ਦਿਓ 5

ਜਾਂ

ਅਤਿਕਥਨੀ ਅਲੰਕਾਰ ਕੀ ਹੁੰਦਾ ਹੈ? ਇਸ ਦੀ ਪਰਿਭਾਸ਼ਾ ਦਿੰਦੇ ਹੋਏ ਉਦਾਹਰਨਾ ਵੀ ਦਿਓ।

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ (20-25 ਸ਼ਬਦਾਂ ਵਿੱਚ) 2X4=8

(i) ਅਲੰਕਾਰ ਨੂੰ ਕਿੰਨੇ ਵਰਗਾ ਵਿੱਚ ਵੰਡਿਆ ਗਿਆ ਹੈ ਅਤੇ ਕਿਹੜੇ-ਕਿਹੜੇ?

(ii) ਅਨੁਪ੍ਰਾਸ ਕੀ ਹੁੰਦਾ ਹੈ?

(iii) ਦ੍ਰਿਸ਼ਟਾਂਤ ਅਲੰਕਾਰ ਬਾਰੇ ਤੁਸੀਂ ਕੀ ਜਾਣਦੇ ਹੋ?

(iv) ਰੂਪਕ ਅਲੰਕਾਰ ਦੇ ਕਿੰਨੇ ਭੇਦ ਹਨ?

3. ਬਹੁ-ਵਿਕਲਪੀ ਪ੍ਰਸ਼ਨ - 1X5=5

(i) ਸੋਰਠਾ ਦੀਆਂ ਕਿੰਨੀਆਂ ਤੁਕਾਂ ਹੁੰਦੀਆਂ ਹਨ?

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

(ii) 'ਹਿੰਦੀ ਵਿਸ਼ਵਕੋਸ਼' ਵਿੱਚ ਕਾਫ਼ੀ ਨੂੰ ਕੀ ਦੱਸਿਆ ਗਿਆ ਹੈ?

(ੳ) ਗੀਤ (ਅ) ਰਾਗਣੀ

(ੲ) ਗ਼ਜ਼ਲ (ਸ) ਕੋਈ ਵੀ ਨਹੀਂ

(iii) 'ਬਾਰਹਮਾਹ' ਦਾ ਕੀ ਅਰਥ ਹੈ?

(ੳ) ਸਾਲ ਦੇ ਬਾਰਹ ਦਿਨ (ਅ) ਸਾਲ ਦੇ ਬਾਰਾਂ ਮਹੀਨੇ

(ੲ) ਸਾਲ ਦੇ ਬਾਰਹ ਹਫ਼ਤੇ (ਸ) ਕੋਈ ਵੀ ਨਹੀਂ

(iv) ਕਿਹੜੀ ਰਚਨਾ ਹਫ਼ਤੇ ਦੇ ਸੱਤ ਦਿਨਾਂ ਨੂੰ ਆਧਾਰ ਬਣਾ ਕੇ ਕੀਤੀ ਜਾਂਦੀ ਹੈ?

(ੳ) ਸੱਤ ਵਾਰ (ਅ) ਬਾਰਹਮਾਹ

(ੲ) ਸਤਵਾਰਾ (ਸ) ਕੋਈ ਵੀ ਨਹੀਂ

(v) ਗੁਰੂ ਦਾ ਕਿਹੜਾ ਚਿੰਨ੍ਹ ਹੈ?

(ੳ) = (ਅ) #

(ੲ) । (ਸ) S

4. ਛੋਟੇ ਉੱਤਰ ਵਾਲੇ ਪ੍ਰਸ਼ਨ (20-25 ਸ਼ਬਦਾਂ ਵਿੱਚ) 2X2=4

(i) ਵਿਸ਼ੇ ਦੇ ਪੱਖੋਂ ਪੰਜਾਬੀ ਕਿੱਸੇ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

(ii) ਜੀਵਨੀ ਕੀ ਹੁੰਦੀ ਹੈ?

5. ਛੋਟੇ ਉੱਤਰ ਵਾਲਾ ਪ੍ਰਸ਼ਨ (25-30 ਸ਼ਬਦਾਂ ਵਿੱਚ) 3

(i) ਕਾਫ਼ੀ ਕੀ ਹੁੰਦੀ ਹੈ? ਇਸਦੇ ਸਰੂਪ ਬਾਰੇ ਚਰਚਾ ਕਰੋ।

ਜਾਂ

ਸਲੋਕ ਕੀ ਹੁੰਦਾ ਹੈ? ਇਸ ਦੇ ਲਛਣ ਦੱਸੋ।

6. ਨਾਵਲ ਕੀ ਹੈ? ਨਾਵਲ ਉੱਤੇ ਇਕ ਸੰਖੇਪ ਨੋਟ ਕਰੋ। 5

ਜਾਂ

ਅਖ਼ਬਾਰ (ਸਮਾਚਾਰ ਪੱਤਰ) ਤੇ ਰਸਾਲਾ ਕੀ ਹੁੰਦਾ ਹੈ?

**ਭਾਗ (ਅ)**

7. ਬਹੁ-ਵਿਕਲਪੀ/ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ 1X6 = 6

(i) ਗੁਰੂ ਨਾਨਕ ਦੇਵ ਜੀ ਦੀ ਕਿਹੜੀ ਬਾਣੀ ਸਭ ਤੋਂ ਵੱਧ ਹਰਮਨ ਪਿਆਰੀ ਹੈ?

(ੳ) ਜਪੁਜੀ (ਅ) ਦੱਖਣੀ ਓਅੰਕਾਰ

(ੲ) ਆਸਾ ਦੀ ਵਾਰ (ਸ) ਪੱਟੀ

(ii) 'ਚਰਣ ਕਮਲ' ਵਿੱਚ ਕਿਹੜਾ ਅਲੰਕਾਰ ਹੈ-

(ੳ) ਅਤਿਸ਼ਯੋਕਤੀ (ਅ) ਉਪਮਾ

(ੲ) ਅਨੁਪ੍ਰਾਸ (ਸ) ਰੂਪਕ

(iii) ਸ਼ੇਖ ਫ਼ਰੀਦ ਦੇ ਮੁਰਸ਼ਦ ਦਾ ਨਾਂ ਕੀ ਸੀ?

(ੳ) ਇਨਾਇਤ ਸ਼ਾਹ ਕਾਦਰੀ (ਅ) ਖੁਆਜਾ ਕੁਤਬਦੀਨ ਬਖਤਿਆਰ ਕਾਕੀ

(ੲ) ਪੀਰ ਅਬਦੁਲ ਰਹਿਮਾਨ (ਸ) ਸੂਫ਼ੀ ਬਹਿਲੋਲ

(iv) 'ਗਿਰਾਸੀ' ਦੇ ਅਰਥ ਹਨ -

(ੳ) ਗਿਰਾ ਦਿੱਤੀ ਹੈ (ਅ) ਚੜ੍ਹਾ ਦਿੱਤੀ ਹੈ

(ੲ) ਹੜਪ ਕਰ ਲਈ ਹੈ (ਸ) ਪੁੱਠੀ ਕਰ ਦਿੱਤੀ ਹੈ

(v) 'ਅੱਕ' ਕਿਸਦਾ ਪ੍ਰਤੀਕ ਹੈ?

(ੳ) ਪੂਰਨ ਦਾ (ਅ) ਮਤ੍ਰੇਈ ਮਾਂ ਲੂਣਾ ਦਾ

(ੲ) ਇੱਛਰਾਂ ਦਾ (ਸ) ਸਲਵਾਨ ਦਾ

(vi) ਗੁਰੂ ਅਰਜਨ ਦੇਵ ਜੀ ਦਾ ਜਨਮ ਹੋਇਆ -

(ੳ) 15 ਅਪ੍ਰੈਲ 1680 ਈ. (ਅ) 15 ਅਪ੍ਰੈਲ 1631 ਈ.

(ੲ) 15 ਅਪ੍ਰੈਲ 1538 ਈ. (ਸ) 15 ਅਪ੍ਰੈਲ 1563 ਈ.

8. ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ - 1X5=5

(i) ਬੁਖ਼ਾਰ ਨਾਲ ਬਾਰੂ ਦੀ ਕੀ ਹਾਲਤ ਹੋਈ?

(ii) ਸਾਈਕਲ ਚਲਾਉਣ ਵਾਲੀਆਂ ਕੁੜੀਆਂ ਦੇ ਨਾਂ ਕੀ-ਕੀ ਸਨ?

(iii) ਮੰਡੀ ਜਾਣ ਸਮੇਂ ਦੀਪੇ ਕੋਲ ਕਿੰਨੇ ਪੈਸੇ ਸਨ?

(iv) ਮਜਦੂਰਾਂ ਨੇ ਅਖੀਰ ਕਿੰਨੀ ਮਜ਼ਦੂਰੀ ਲਈ?

(v) 'ਤਿੜਕਿਆਂ ਹੋਇਆ ਸ਼ੀਸ਼ਾਂ' ਦੇ ਕਹਾਣੀਕਾਰ ਕੌਣ ਹਨ?

9. ਬਹੁ-ਵਿਕਲਪੀ ਪ੍ਰਸ਼ਨ - 1X4=4

(i) 'ਮੰਗੋ' ਕਿਸ ਨਾਲ ਈਰਖਾ ਕਰਦੀ ਹੈ?

(ੳ) ਹੁਕਮੇ ਮਾਂਗਟ ਨਾਲ (ਅ) ਚਿੰਤੋ ਨਾਲ

(ੲ) ਸੋਮਾ ਨਾਲ (ਸ) ਵੱਛੇ ਨਾਲ

(ii) ਬਾਪੂ ਨੂੰ ਗੋਈ ਬਣਾ ਕੇ ਕੌਣ ਦਿੰਦਾ ਹੈ?

(ੳ) ਕਹਾਣੀਕਾਰ (ਅ) ਕਹਾਣੀਕਾਰ ਦਾ ਪੁੱਤਰ ਜੰਗੀ

(ੲ) ਬਲਵਿੰਦਰ (ਸ) ਨੌਕਰਾਣੀ

(iii) 'ਨੰਦੂ' ਕਹਾਣੀ ਕਿਸ ਦੀ ਰਚਨਾ ਹੈ?

(ੳ) ਰਸ਼ਿਮ (ਅ) ਸੰਤੋਖ ਸਿੰਘ ਧੀਰ

(ੲ) ਅਜੀਤ ਕੌਰ (ਸ) ਕੁਲਵੰਤ ਸਿੰਘ ਵਿਰਕ

(iv) 'ਕਾਰ-ਖਿਡੌਣਾ' ਕਹਾਣੀ ਵਿੱਚ ਕੋਕੋ ਕਾਹਦਾ ਚਿੰਨ੍ਹ ਹੈ?

(ੳ) ਡਰਾਵਣੀ ਵਸਤੂ (ਅ) ਖਾਣ ਵਾਲੀ ਵਸਤੂ

(ੲ) ਜਾਨਵਰ (ਸ) ਸਰਮਾਏਦਾਰੀ ਦਾ

10. ਛੋਟੇ ਉੱਤਰ ਵਾਲੇ ਪ੍ਰਸ਼ਨ - 2X4=8

(i) ਕੰਨਾਂ ਨੂੰ ਸਰੀਰ ਨਾਲ ਲਾਏ ਜਾਣ ਦਾ ਕੀ ਉਦੇਸ਼ ਹੈ?

(ii) ਕੁੱਤਾ ਬੰਦੇ ਤੋਂ ਕਿਸ ਗੱਲ ਕਰਕੇ ਚੰਗਾ ਹੈ?

(iii) ਦੁਰਗਾ ਅਤੇ ਦੈਂਤਾਂ ਦਾ ਯੁੱਧ ਕਿਉਂ ਹੋਇਆ?

(iv) ਵੰਝਲ ਮਿਰਜੇ ਨੂੰ ਕੀ ਮੱਤ ਦਿੰਦਾ ਹੈ?

11. ਛੋਟੇ ਉੱਤਰ ਵਾਲੇ ਪ੍ਰਸ਼ਨ - 2X4=8

(i) ਬਾਰੂ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ?

(ii) ਨੌਕਰੀਆਂ ਕਰਨ ਵਾਲੀਆਂ ਕੁੜੀਆਂ ਬਾਰੇ ਲੋਕ ਕੀ ਸੋਚਦੇ ਹਨ?

(iii) ਕਿਹੜੀ ਗੱਲ ਦੀਪੇ ਦੇ ਮਨ ਨੂੰ ਤਕਲੀਫ਼ ਦਿੰਦੀ ਸੀ ਤੇ ਕਿਉਂ?

(iv) ਇੰਦਰ ਵਰਗੇ ਲੋਕ ਤਰੱਕੀ ਕਿਉਂ ਨਹੀਂ ਕਰਦੇ? ਇਤ ਭਰਵਾਸੇ ਕਹਾਣੀ ਦੇ ਆਧਾਰ 'ਤੇ ਉੱਤਰ ਦਿਓ।

12. ਵੱਡੇ ਉੱਤਰ ਵਾਲੇ ਪ੍ਰਸ਼ਨ (20-25 ਸ਼ਬਦਾਂ ਵਿੱਚ) 3X2=6

(i) ਮਛਲੀ ਦਰਿਆ ਦਾ ਆਰ-ਪਾਰ ਕਿਉਂ ਨਹੀਂ ਪਾ ਸਕਦੀ?

ਜਾਂ

ਅਸਲੀ ਫ਼ਕੀਰ ਦੀਆਂ ਕੀ ਨਿਸ਼ਾਨੀਆਂ ਹਨ?

(ii) ਦੁਰਗਾ ਅਤੇ ਦੈਂਤਾਂ ਦਾ ਯੁੱਧ ਕਿਉਂ ਹੋਇਆ?

ਜਾਂ

ਬਾਣੀਏ ਨੇ ਸਾਹਿਬਾਂ ਨੂੰ ਤੇਲ ਦੀ ਬਜਾਏ ਸ਼ਹਿਦ ਕਿਉਂ ਦੇ ਦਿੱਤਾ?

13. ਵੱਡੇ ਉੱਤਰ ਵਾਲੇ ਪ੍ਰਸ਼ਨ (20-25 ਸ਼ਬਦਾਂ ਵਿੱਚ) 3

(i) ਸਰਦਾਰ ਦੇ ਘਰ ਨੌਕਰੀ ਕਰਦਿਆਂ ਨੰਦੂ ਉੱਤੇ ਕੀ ਅਸਰ ਪਿਆ?

ਜਾਂ

ਚੋਰੀ ਦੁੱਧ ਪੀਣ ਪਿੱਛੋਂ ਮੁੰਡੇ ਨੂੰ ਸਕੂਲ ਵਿੱਚ ਕੀ ਮਹਿਸੂਸ ਹੁੰਦਾ ਹੈ?

14. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇਕ ਦਾ ਸਾਰ ਲਿਖੋ – 5

(ੳ) ਬਾਗਾਂ ਦਾ ਰਾਖਾ

(ਅ) ਖੰਭ

15. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨ ਬਾਲੀ ਰਾਮ ਰਾਜੇ॥
ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ॥
ਮੇਰੈ ਮਨਿ ਤਨਿ ਨਾਮੁ ਆਧਾਰੁ ਹੈ ਹਉਮੈ ਬਿਖੁ ਜਾਲੀ॥
ਜਨ ਨਾਨਕ ਸਤਿਗੁਰੂ ਮੇਲਿ ਹਰਿ ਹਰਿ ਮਿਲਿਆ ਬਨਵਾਲੀ॥

ਜਾਂ

ਜਿਸ ਦਿਨ ਹੋਤ ਸੱਸੀ ਛੱਡ ਤੁਰਿਆ ਆਖ ਵੇਖਾਂ ਦਿਨ ਕੇਹਾ।
ਦੋਜ਼ਖ ਇਕ ਪਲ ਮੂਲ ਨਾ ਹੋਸੀ, ਤਪਿਆ ਤਿਸ ਦਿਨ ਜੇਹਾ।
ਦਿਲ ਦਾ ਖ਼ੂਨ ਅੱਖੀ ਫੁੱਟ ਆਇਆ, ਜ਼ਾਲਮ ਇਸ਼ਕ ਇਵੇਹਾ।
ਹਾਸ਼ਮ ਮਾਰ ਰੁਲਾਵੇ ਗਲੀਆਂ, ਬਾਣ ਇਸ਼ਕ ਦੀ ਏਹਾ।